Punjab Government Gazette

EXTRAORDINARY

Published by Authority

CHANDIGARH, FRIDAY, DECEMBER 19, 2025 (AGRAHAYANA 28, 1947 SAKA)

ਪੰਜਾਬ ਸਰਕਾਰ

ਸਥਾਨਕ ਸਰਕਾਰ ਵਿਭਾਗ ਪੰਜਾਬ, ਚੰਡੀਗੜ੍ਹ

(ਮਿਉਂਸਪਲ ਚੋਣਾਂ ਸ਼ਾਖਾ)

ਅਧਿਸੂਚਨਾ

ਮਿਤੀ 18 ਦਸੰਬਰ, 2025

ਨੰਬਰ: 04/06/**ਹਲਕਾਬੰਦੀ**(**ਸ**-1)/**ਮਚਸ਼**/2025/235.- ਪੰਜਾਬ ਮਿਉਂਸਪਲ ਐਕਟ, 1911 (ਪੰਜਾਬ ਐਕਟ III ਆਫ 1911) ਦੀ ਧਾਰਾ 240 ਦੇ ਉਪਬੰਧਾਂ ਅਨੁਸਾਰ ਅਤੇ ਡਿਲੀਮੀਟੇਸ਼ਨ ਆਫ ਵਾਰਡਜ਼ ਆਫ ਮਿਉਂਸਪੈਲਟੀਜ ਰੂਲਜ, 1972 ਦੇ ਨਿਯਮ 8 ਅਧੀਨ ਇਸ ਤੋਂ ਪਹਿਲਾਂ ਇਸ ਸਬੰਧ ਵਿੱਚ ਜਾਰੀ ਕੀਤੇ ਹੁਕਮਾਂ ਦਾ ਅਧਿਲੰਘਣ ਕਰਦੇ ਹੋਏ ਹੇਠਾਂ ਲਿਖਿਆ ਨਿਯਮਾਂ ਦਾ ਖਰੜ੍ਹਾ ਜਿਨ੍ਹਾਂ ਨੂੰ ਬਨਾਉਣ ਲਈ ਪੰਜਾਬ ਦੇ ਰਾਜਪਾਲ ਤਜਵੀਜ ਕਰਦੇ ਹਨ ਅਤੇ ਇਸ ਸਬੰਧ ਵਿੱਚ ਆਪਣੀਆਂ ਸਮੂਹ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਗਰ ਪੰਚਾਇਤ, ਮਮਦੋਟ, ਜਿਲ੍ਹਾ ਫਿਰੋਜਪੁਰ ਦੇ ਵਾਰਡਾਂ ਦੀ ਹਲਕਾਬੰਦੀ ਉਨ੍ਹਾਂ ਵਿਅਕਤੀਆਂ ਦੀ ਸੂਚਨਾ ਲਈ ਪ੍ਰਕਾਸ਼ਤ ਕਰਦੇ ਹਨ, ਜਿਨ੍ਹਾਂ ਤੇ ਇਸ ਦਾ ਅਸਰ ਪੈਣ ਦੀ ਸੰਭਾਵਨਾ ਹੋਵੇ।ਉਹ ਇਸ ਅਧਿਸੂਚਨਾ ਦੇ ਪ੍ਰਕਾਸ਼ਤ ਹੋਣ ਤੋਂ 7 ਦਿਨਾਂ ਦੇ ਪਿੱਛੋਂ ਨਿਮਨ ਅਨੁਸਾਰ ਖਰੜੇ ਤੇ ਪ੍ਰਾਪਤ ਉਨ੍ਹਾਂ ਇਤਰਾਜਾਂ/ ਸੁਝਾਵਾਂ ਤੇ ਵਿਚਾਰ ਕੀਤਾ ਜਾਵੇਗਾ ਜਿਹੜੇ ਨਿਯਮਾਂ ਦੇ ਖਰੜੇ ਸਬੰਧੀ ਕਿਸੇ ਵੀ ਅਸਰ ਸੰਭਾਵੀ ਵਿਅਕਤੀ ਵਲੋਂ ਉਕਤ ਅਨੁਸਾਰ ਮਿੱਥੇ ਸਮੇ ਅੰਦਰ ਸਬੰਧਤ ਨਗਰ ਪੰਚਾਇਤ ਦੇ ਕਾਰਜ ਸਾਧਕ ਅਫਸਰ ਰਾਂਹੀਂ ਸਕੱਤਰ ਪੰਜਾਬ ਸਰਕਾਰ, ਸਥਾਨਕ ਸਰਕਾਰ ਵਿਭਾਗ ਨੂੰ ਪ੍ਰਾਪਤ ਹੋਣਗੇ।

ਨਿਯਮਾਂ ਦਾ ਖਰੜਾ

ਨਗਰ ਪੰਚਾਇਤ, ਮਮਦੋਟ, ਜਿਲ੍ਹਾ ਫਿਰੋਜਪੁਰ ਦੇ ਨਗਰ ਪਾਲਾ ਦੀ ਚੋਣ ਦੇ ਮਕਸਦ ਲਈ ਨਗਰ ਨਗਰ ਪੰਚਾਇਤ, ਮਮਦੋਟ ਨੂੰ 13 ਵਾਰਡਾਂ ਵਿਚ ਵੰਡਿਆ ਜਾਵੇਗਾ ਜਿਨ੍ਹਾਂ ਪਿੱਛੇ 10 ਵਾਰਡ, ਜਿਨ੍ਹਾਂ ਦੇ ਪਿੱਛੇ ਬਰੈਕਟਾਂ ਅਤੇ ਸਬਦਾਂ ਵਿਚ:-

1. ਅਨੁਸੂਚਿਤ ਜਾਤੀਆਂ ਦੇ ਮੈਂਬਰਾਂ ਲਈ ਰਾਖਵਾਂ:
2. ਇਸਤਰੀ ਮੈਂਬਰਾਂ ਲਈ ਰਾਖਵਾਂ:
3. ਅਨੁਸੂਚਿਤ ਜਾਤੀਆਂ ਦੀਆਂ ਇਸਤਰੀ ਮੈਂਬਰਾਂ ਲਈ ਰਾਖਵਾਂ ਅਤੇ
4. ਪੱਛੜੀ ਸ੍ਰੇਣੀਆਂ ਦੇ ਮੈਂਬਰਾ ਲਈ ਰਾਖਵਾਂ,

ਲਿਖਿਆ ਹੋਵੇਗਾ ਕਿ ਉਹ ਵਾਰਡ ਉਨ੍ਹਾਂ ਕੈਟਾਗਰੀਆਂ ਨਾਲ ਸਬੰਧਤ ਮੈਂਬਰਾਂ ਲਈ ਰਾਖਵੇ ਹੋਣਗੇ। ਵਾਰਡਾਂ ਦੀਆਂ ਹੱਦਾਂ ਦਾ ਵਰਨਣ ਨਾਲ ਲਗਾਈ ਅਨੁਸੂਚੀ ਵਿਚ ਕੀਤਾ ਜਾਂਦਾ ਹੈ।

ਨਗਰ ਪੰਚਾਇਤ, ਮਮਦੋਟ, ਜਿਲ੍ਹਾ ਫਿਰੋਜਪੁਰ ਦੇ ਵਾਰਡਾਂ ਦੀਆਂ ਹੱਦਾਂ ਦਾ ਵਰਣਨ ਦੱਸਦੀ ਅਨੁਸੂਚੀ

ਵਾਰਡ ਨੰ: 1 (ਇਸਤਰੀ ਮੈਂਬਰਾਂ ਲਈ ਰਾਖਵਾਂ)

ਨਗਰ ਪੰਚਾਇਤ ਦੀ ਉੱਤਰੀ ਹੱਦ ਅਤੇ ਪੋਜੋ ਕੇ ਰੋਡ ਦੇ ਮਿਲਣ ਦੇ ਸਥਾਨ ਤੋਂ ਆਰੰਭ ਤੋਂ ਕਰਕੇ ਪੋਜੋ ਕੇ ਰੋਡ ਨਾਲ ਚੱਲਦੇ ਹੋਏ ਗਲੀ ਢਾਹਣੀ ਗੁਲਜਾਰ ਸਿੰਘ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਸੇਮ ਨਾਲੇ ਤੀਕ; ਫਿਰ ਉਕਤ ਨਾਲੇ ਨਾਲ ਚੱਲਦੇ ਹੋਏ ਚਰਚ ਨੂੰ ਪਾਰ ਕਰਕੇ ਫਿਰਨੀ ਰੋਡ ਤੀਕ; ਫਿਰ ਉਕਤ ਰੋਡ ਨਾਲ ਚੱਲਦੇ ਹੋਏ ਗਲੀ ਬੋਨੀ ਕੱਕੜ ਵਾਲੀ ਤੀਕ; ਫਿਰ ਉਕਤ ਗਲੀ ਦੁਰਗਾ ਮੰਦਿਰ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਘੋੜੇ ਚੱਕ ਚੌਂਕ ਤੀਕ, ਫਿਰ ਉਕਤ ਚੌਂਕ ਨਾਲ ਚੱਲਦੇ ਹੋਏ ਸੇਮ ਨਾਲੇ ਤੀਕ, ਫਿਰ ਉਕਤ ਸੇਮ ਨਾਲੇ ਨਾਲ ਚੱਲਦੇ ਹੋਏ ਜੰਗਲਾਤ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਨਗਰ ਪੰਚਾਇਤ ਦੀ ਉੱਤਰੀ ਹੱਦ ਤੀਕ; ਫਿਰ ਉਕਤ ਹੱਦ ਨਾਲ ਚੱਲਦੇ ਹੋਏ ਪੋਜੋ ਕੇ ਰੋਡ ਤੀਕ; ਅਰਥਾਤ ਜਿੱਥੋਂ ਆਰੰਭ ਕੀਤਾ ਸੀ।

ਵਾਰਡ ਨੰ: 2

ਗਲੀ ਪੂਰਨ ਸਿੰਘ ਕਾਰਖਾਨੇ ਵਾਲੀ ਅਤੇ ਸੇਮ ਨਾਲੇ ਦੇ ਮਿਲਣ ਦੇ ਸਥਾਨ ਤੋਂ ਆਰੰਭ ਕਰਕੇ ਸੇਮ ਨਾਲੇ ਨਾਲ ਚਲਦੇ ਹੋਏ ਗਲੀ ਢਾਣੀ ਗੁਲਜਾਰ ਸਿੰਘ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਪੋਜ਼ੋ ਕੇ ਰੋਡ ਤੀਕ; ਫਿਰ ਉਕਤ ਰੋਡ ਨਾਲ ਚੱਲਦੇ ਹੋਏ ਲਖਮੀਰਕੇ ਲਤਾੜ ਰੋੜ ਤੀਕ; ਉਕਤ ਰੋਡ ਨਾਲ ਚੱਲਦੇ ਹੋਏ (ਤਰਾ ਵਾਲੀ ਰੋਡ ਅਤੇ ਸੇਮ ਨਾਲੇ ਨੂੰ ਪਾਰ ਕਰਕੇ) ਨਗਰ ਪੰਚਾਇਤ ਦੀ ਪੂਰਬੀ ਹੱਦ ਤੀਕ; ਫਿਰ ਉਕਤ ਹੱਦ ਨਾਲ ਚੱਲਦੇ ਹੋਏ ਖਾਈ-ਮਮਦੋਟ ਰੋਡ ਤੀਕ; ਫਿਰ ਉਕਤ ਰੋਡ ਨਾਲ ਚੱਲਦੇ ਹੋਏ ਗਲੀ ਪੂਰਨ ਸਿੰਘ ਕਾਰਾਖਾਨੇ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਸੇਮ ਨਾਲ ਤੀਕ; ਅਰਥਾਤ ਜਿੱਥੋਂ ਆਰੰਭ ਕੀਤਾ ਸੀ।

ਵਾਰਡ ਨੰ: 3 (ਇਸਤਰੀ ਮੈਂਬਰਾਂ ਲਈ ਰਾਖਵਾਂ)

ਗਲੀ ਨਾਰੰਗ ਸੀਮੇਂਟ ਸਟੋਰ ਅਤੇ ਮੇਨ ਰੋਡ ਦੇ ਮਿਲਣ ਦੇ ਸਥਾਨ ਤੋਂ ਆਰੰਭ ਕਰਦੇ ਹੋਏ ਮੇਨ ਰੋਡ ਨਾਲ ਚੱਲਦੇ ਹੋਏ ਮਮਦੋਟ-ਖਾਈ ਰੋਡ ਤੀਕ; ਫਿਰ ਉਕਤ ਰੋਡ ਨਾਲ ਚਲਦੇ ਹੋਏ ਨਗਰ ਪੰਚਾਇਤ ਦੀ ਪੂਰਬੀ ਹੱਦ ਤੀਕ; ਫਿਰ ਉਕਤ ਹੱਦ ਨਾਲ ਚੱਲਦੇ ਹੋਏ ਨਗਰ ਪੰਚਾਇਤ ਦੀ ਦੱਖਣੀ ਹੱਦ ਤੀਕ; ਫਿਰ ਉਕਤ ਹੱਦ ਨਾਲ ਚੱਲਦੇ ਹੋਏ ਸੜਕ ਚਪਾਤੀ ਰੋਡ ਤੀਕ; ਫਿਰ ਉਕਤ ਰੋਡ ਨਾਲ ਚੱਲਦੇ ਹੋਏ ਗਲੀ ਗੁਰੂਦੁਆਰਾ ਵਿਸ਼ਵਕਰਮਾ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਨਾਰੰਗ ਸੀਮੇਂਟ ਸਟੋਰ ਅਤੇ ਮੇਨ ਰੋਡ ਤੀਕ; ਅਰਥਾਤ ਜਿੱਥੋਂ ਆਰੰਭ ਕੀਤਾ ਸੀ।

ਵਾਰਡ ਨੰ: 4

ਸੇਮ ਨਾਲਾ ਅਤੇ ਗਲੀ ਪੂਰਨ ਸਿੰਘ ਕਾਰਖਾਨਾ ਵਾਲੀ ਦੇ ਮਿਲਣ ਦੇ ਸਥਾਨ ਤੋਂ ਆਰੰਭ ਕਰਕੇ ਗਲੀ ਪੂਰਨ ਸਿੰਘ ਕਾਰਖਾਨਾ ਨਾਲ ਚੱਲਦੇ ਹੋਏ ਮਮਦੋਟ ਖਾਈ ਰੋਡ ਤੀਕ; ਫਿਰ ਉਕਤ ਰੋਡ ਨਾਲ ਚੱਲਦੇ ਹੋਏ ਗਲੀ ਡਾਕਖਾਨੇ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਸੋਢੀ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਸੋਢੀ ਮਾਰਕੀਟ ਤੀਕ; ਫਿਰ ਉਕਤ ਗਲੀ ਨਾਲ ਚੱਲਦੇ ਹੋਏ ਮਮਦੋਟ ਖਾਈ ਰੋਡ ਤੀਕ; ਫਿਰ ਉਕਤ ਰੋਡ ਨਾਲ ਚੱਲਦੇ ਹੋਏ ਸੜਕ ਦੇਵੀ ਦੁਆਰਾ ਮੰਦਿਰ ਤੀਕ; ਫਿਰ ਉਕਤ ਰੋਡ ਨਾਲ ਚੱਲਦੇ ਹੋਏ ਸੇਮ ਨਾਲਾ ਅਤੇ ਗਲੀ ਪੂਰਨ ਸਿੰਘ ਕਾਰਖਾਨਾ ਵਾਲੀ ਤੀਕ; ਅਰਥਾਤ ਜਿੱਥੋਂ ਆਰੰਭ ਕੀਤਾ ਸੀ।

ਵਾਰਡ ਨੰ: 5 (ਅਨੁਸੂਚਿਤ ਜਾਤੀਆਂ ਦੀਆਂ ਇਸਤਰੀਆਂ ਮੈਬਰਾਂ ਲਈ ਰਾਖਵਾਂ)

ਗਲੀ ਵਾਲਮਿਕੀ ਮੰਦਿਰ ਅਤੇ ਦੇਵੀ ਦੁਆਰ ਰੋਡ ਤੋਂ ਆਰੰਭ ਕਰਕੇ ਦੇਵੀ ਦੁਆਰ ਰੋਡ ਨਾਲ ਚੱਲਦੇ ਹੋਏ ਮਮਦੋਟ ਖਾਈ ਰੋਡ ਤੀਕ; ਫਿਰ ਉਕਤ ਰੋਡ ਨਾਲ ਚਲਦੇ ਹੋਏ ਗਲੀ ਮੇਨ ਬਾਜਾਰ ਗਲੀ ਤੀਕ; ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਰਾਜ ਹਲਵਾਈ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਨਾਰੰਗ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਸੇਠੀ ਮੈਡੀਕਲ ਹਾਲ ਤੀਕ; ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਪੱਪੂ ਮਾਸਟਰ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਗੁਰੂਦੁਆਰਾ ਨਾਨਕ ਨਿਵਾਸ ਤੀਕ; ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਕਿਸ਼ੋਰ ਚੱਕ ਤੀਕ; ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਵਾਲਮਿਕੀ ਮੰਦਿਰ ਅਤੇ ਦੇਵੀ ਦੁਆਰ ਰੋਡ ਤੀਕ; ਅਰਥਾਤ ਜਿੱਥੋਂ ਆਰੰਭ ਕੀਤਾ ਸੀ।

ਵਾਰਡ ਨੰ: 6

ਗਲੀ ਮੇਨ ਬਜਾਰ ਦਰਜੀ ਦੀ ਦੁਕਾਨ ਅਤੇ ਮੇਨ ਰੋਡ ਦੇ ਮਿਲਣ ਦੇ ਸਥਾਨ ਤੋਂ ਆਰੰਭ ਕਰਕੇ ਮੇਨ ਰੋਡ ਨਾਲ ਚੱਲਦੇ ਹੋਏ ਗਲੀ ਨਾਰੰਗ ਸੀਮੇਂਟ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚਲਦੇ ਹੋਏ ਗੁਰੁਦੁਆਰਾ ਵਿਸ਼ਵਕਰਮਾ ਗਲੀ ਤੀਕ; ਫਿਰ ਉਕਤ ਗਲੀ ਨਾਲ ਚਲਦੇ ਹੋਏ ਸੜਕ ਚਪਾਤੀ ਰੋਡ ਤੀਕ; ਫਿਰ ਉਕਤ ਰੋਡ ਨਾਲ ਚਲਦੇ ਹੋਏ ਨਗਰ ਪਚੰਾਇਤ ਦੀ ਪੂਰਬੀ ਹੱਦ ਤੀਕ; ਫਿਰ ਉਕਤ ਹੱਦ ਨਾਲ ਚਲਦੇ ਹੋਏ ਦੱਖਣੀ ਹੱਦ ਤੀਕ; ਫਿਰ ਉਕਤ ਦੱਖਣੀ ਹੱਦ ਨਾਲ ਚਲਦੇ ਹੋਏ ਸਵਾਈਕੇ ਰੋਡ ਤੀਕ; ਫਿਰ ਉਕਤ ਰੋਡ ਨਾਲ ਚਲਦੇ ਹੋਏ ਮੇਨ ਰੋਡ ਪਾਰ ਕਰਦੇ ਹੋਏ ਗਲੀ ਮੇਨ ਬਜਾਰ ਦਰਜੀ ਦੀ ਦੁਕਾਨ ਅਤੇ ਮੇਨ ਰੋਡ ਤੀਕ; ਅਰਥਾਤ ਜਿੱਥੋਂ ਆਰੰਭ ਕੀਤਾ ਸੀ।

ਵਾਰਡ ਨੰ: 7 (ਇਸਤਰੀ ਮੈਂਬਰਾਂ ਲਈ ਰਾਖਵਾਂ)

ਘੋੜਾ ਚੌਂਕ ਅਤੇ ਫਿਰਨੀ ਰੋਡ ਦੇ ਮਿਲਣ ਦੇ ਅਸਥਾਨ ਤੋਂ ਆਰੰਭ ਕਰਕੇ ਫਿਰਨੀ ਰੋਡ ਨਾਲ ਚੱਲਦੇ ਹੋਏ ਸੜਕ ਦੇ ਵੀ ਦੁਆਰ ਮੰਦਿਰ ਤੀਕ; ਫਿਰ ਉਕਤ ਰੋਡ ਨਾਲ ਚਲਦੇ ਹੋਏ ਗਲੀ ਕਿਸ਼ੋਰ ਚੱਕੀ ਤੀਕ; ਫਿਰ ਉਕਤ ਗਲੀ ਨਾਲ ਚਲਦੇ ਹੋਏ ਗੁਰਦੁਆਰਾ ਨਾਨਕ ਨਿਵਾਸ ਤੀਕ; ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਪੱਪੂ ਮਾਸਟਰ ਤੀਕ; ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਸੇਠੀ ਮੈਡੀਕਲ ਹਾਲ ਤੀਕ; ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਨਾਰੰਗਾਂ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਰਾਜ ਹਲਵਾਈ ਤੀਕ; ਫਿਰ ਉਕਤ ਗਲੀ ਨਾਲ ਚਲਦੇ ਹੋਏ ਮੇਨ ਬਾਜਾਰ ਤੀਕ; ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਗਾਬੇਆ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਦੁਰਗਾ ਮੰਦਿਰ ਤੀਕ; ਫਿਰ ਉਕਤ ਗਲੀ ਨਾਲ ਚੰਲਦੇ ਹੋਏ ਘੋਰੇ ਚੱਕ ਚੌਕ ਅਤੇ ਫਿਰਨੀ ਰੋਡ ਦੇ ਮਿਲਣ ਦੇ ਅਸਥਾਨ ਤੀਕ; ਅਰਥਾਤ ਜਿੱਥੋਂ ਆਰੰਭ ਕੀਤਾ ਸੀ।

ਵਾਰਡ ਨੰ: 8 (ਪੱਛੜੀਆਂ ਸ੍ਰੇਣੀਆਂ ਦੇ ਮੈਂਬਰਾਂ ਲਈ ਰਾਖਵਾਂ)

ਮਕਾਨ ਹਰਚਰਨ ਸਿੰਘ ਵੈੜਰ ਅਤੇ ਸਾਹਣਕੇ ਰੋਡ ਦੇ ਮਕਾਨ ਦੇ ਮਿਲਣ ਦੇ ਸਥਾਨ ਤੋਂ ਆਰੰਭ ਕਰਕੇ ਸਹਣਕੇ ਰੋਡ ਨਾਲ ਚੱਲਦੇ ਹੋਏ ਗਲੀ ਕਿਲੇ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਰਾਜ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਮੈਦਾਨਾ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਮੇਨ ਬਾਜਾਰ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਖੰਨਾਂ ਕਮੇਟੀ ਤੀਕ; ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਐਸ.ਬੀ.ਆਈ.ਬੈਂਕ ਤੀਕ; ਫਿਰ ਉਕਤ ਬੈਂਕ ਵਾਲੀ ਗਲੀ ਨਾਲ ਚੱਲਦੇ ਹੋਏ ਗਲੀ ਸਨੈਕਸ਼ਰ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਨੀਲਾ ਡਰਾਇਵਰ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਸੇਠੀ ਐਮ.ਸੀ. ਵਾਲੀ ਤੀਕ; ਫਿਰ ਉਕਤ ਗਲੀ ਨਾਲ ਚਲਦੇ ਹੋਏ ਬੀ.ਡੀ.ਓ. ਦਫਤਰ ਰੋਡ ਤੀਕ; ਫਿਰ ਉਕਤ ਰੋਡ ਨਾਲ ਚਲਦੇ ਹੋਏ ਮਕਾਨ ਹਰਚਰਨ ਸਿੰਘ ਵੈੜਰ ਅਤੇ ਸਾਹਣਕੇ ਰੋਡ ਦੇ ਮਕਾਨ ਦੇ ਮਿਲਣ ਦੇ ਸਥਾਨ ਤੀਕ; ਅਰਥਾਤ ਜਿੱਥੋਂ ਆਰੰਭ ਕੀਤਾ ਸੀ।

ਵਾਰਡ ਨੰ: 9 (ਅਨੁਸੂਚਿਤ ਜਾਤੀਆਂ ਦੀਆਂ ਇਸਤਰੀਆਂ ਮੈਬਰਾਂ ਲਈ ਰਾਖਵਾਂ)

ਗਲੀ ਹਜਾਰਾ ਸਿੰਘ ਵਾਲਾ ਰੋਡ ਅਤੇ ਬੀ.ਡੀ.ਓ. ਦਫਤਰ ਦੇ ਮਿਲਣ ਦੇ ਸਥਾਨ ਤੋਂ ਆਰੰਭ ਬੀ.ਡੀ.ਓ. ਦਫਤਰ ਰੋਡ ਨਾਲ ਚੱਲਦੇ ਹੋਏ ਗਲੀ ਸੇਠੀ ਐਮ.ਸੀ. ਵਾਲੀ ਤੀਕ; ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਨੀਲਾ ਡਰਾਇਵਰ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਸਨੇਕਰਸ ਤੀਕ; ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਮਾਈ ਭੋਲੀ ਚੋਂਕ ਤੀਕ; ਫਿਰ ਉਕਤ ਚੌਂਕ ਨਾਲ ਚਲਦੇ ਹੋਏ ਸਵਾਈਕੇ ਰੋਡ ਤੀਕ; ਫਿਰ ਉਕਤ ਰੋਡ ਨਾਲ ਚੱਲਦੇ ਹੋਏ ਨਗਰ ਪੰਚਾਇਤ ਦੀ ਦੱਖਣੀ ਹੱਦ ਤੀਕ; ਫਿਰ ਉਕਤ ਹੱਦ ਨਾਲ ਚਲਦੇ ਹੋਏ ਆਰਮੀ ਬੰਨ ਤੀਕ; ਫਿਰ ਉਕਤ ਬੰਨ ਨਾਲ ਚਲਦੇ ਹੋਏ ਗਲੀ ਹਜਾਰਾ ਸਿੰਘ ਵਾਲਾ ਰੋਡ ਅਤੇ ਬੀ.ਡੀ.ਓ. ਦਫਤਰ ਦੇ ਮਿਲਣ ਦੇ ਸਥਾਨ ਤੀਕ; ਅਰਥਾਤ ਜਿੱਥੋਂ ਆਰੰਭ ਕੀਤਾ ਸੀ।

ਵਾਰਡ ਨੰ: 10 (ਅਨੁਸੂਚਿਤ ਜਾਤੀਆਂ ਦੇ ਮੈਂਬਰਾਂ ਲਈ ਰਾਖਵਾ)

ਸਾਹਣਕੇ ਰੋਡ ਅਤੇ ਬੀ.ਡੀ.ਓ ਦਫਤਰ ਰੋਡ ਦੇ ਸਥਾਨ ਤੋਂ ਆਰੰਭ ਕਰਕੇ ਬੀ.ਡੀ.ਓ ਦਫਤਰ ਰੋਡ ਨਾਲ ਚੱਲਦੇ ਹੋਏ ਤੋਂ ਹਜਾਰਾ ਸਿੰਘ ਵਾਲਾ ਰੋਡ ਤੀਕ; ਫਿਰ ਉਕਤ ਰੋਡ ਨਾਲ ਚਲਦੇ ਹੋਏ ਲਿੰਕ ਗਲੀ ਤੀਕ; ਉਕਤ ਲਿੰਕ ਗਲੀ ਨਾਲ ਚੱਲਦੇ ਹੋਏ ਲੱਖਾ ਸਿੰਘ ਵਾਲਾ ਰੋਡ ਤੀਕ; ਫਿਰ ਉਕਤ ਰੋਡ ਨਾਲ ਚਲਦੇ ਹੋਏ ਕੱਚਾ ਰਸਤਾ ਨਾਲ ਚਲਦੇ ਹੋਏ ਸਾਹਣਕੇ ਰੋਡ ਅਤੇ ਜੰਗਲਾਤ ਸੇਠਾਂ ਵਾਲਾ ਚੋਂਕ ਤੀਕ ਅਰਥਾਤ ਜਿੱਥੋਂ ਆਰੰਭ ਕੀਤਾ ਸੀ।

ਵਾਰਡ ਨੰ: 11 (ਅਨੁਸੂਚਿਤ ਜਾਤੀਆਂ ਦੀਆਂ ਇਸਤਰੀਆਂ ਮੈਬਰਾਂ ਲਈ ਰਾਖਵਾਂ)

ਜੰਗਲਾਤ ਰੋਡ ਅਤੇ ਸੇਮ ਨਾਲੇ ਦੇ ਸਥਾਨ ਤੋਂ ਆਰੰਭ ਕਰਕੇ ਸੇਮ ਨਾਲੇ ਨਾਲ ਚੱਲਦੇ ਹੋਏ ਘੋੜੇ ਚੱਕ ਰੋਡ ਦੇ ਪੁਲ ਤੀਕ, ਫਿਰ ਉਕਤ ਪੁਲ ਨਾਲ ਚਲਦੇ ਹੋਏ ਘੋੜੇ ਚੱਕ ਚੌਂਕ ਤੀਕ; ਫਿਰ ਉਕਤ ਗਲੀ ਦੁਰਗਾ ਮੰਦਿਰ ਤੀਕ; ਉਕਤ ਗਲੀ ਨਾਲ ਚੱਲਦੇ ਹੋਏ ਗਲੀ ਮੈਦਾਨਾਂ ਵਾਲੀ ਤੀਕ; ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਰਾਜ ਘੜੀਆਂ ਵਾਲਾ ਤੀਕ; ਫਿਰ ਉਕਤ ਗਲੀ ਨਾਲ ਚਲਦੇ ਹੋਏ ਗਲੀ ਕਿਲੇ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਸਾਹਣਕੇ ਰੋਡ ਤੀਕ, ਫਿਰ ਉਕਤ ਰੋਡ ਨਾਲ ਚਲਦੇ ਹੋਏ ਜੰਗਲਾਤ ਰੋਡ ਤੀਕ; ਫਿਰ ਉਕਤ ਰੋਡ ਨਾਲ ਚਲਦੇ ਹੋਏ ਜੰਗਲਾਤ ਰੋਡ ਅਤੇ ਸੇਮ ਨਾਲੇ ਦੇ ਸਥਾਨ ਤੋਂ ਆਰੰਭ ਤੀਕ; ਅਰਥਾਤ ਜਿੱਥੋਂ ਆਰੰਭ ਕੀਤਾ ਸੀ।

ਵਾਰਡ ਨੰ: 12 (ਅਨੁਸੂਚਿਤ ਜਾਤੀਆਂ ਦੇ ਮੈਂਬਰਾਂ ਲਈ ਰਾਖਵਾ)

ਨਗਰ ਪੰਚਾਇਤ ਮਮਦੋਟ ਦੀ ਪੱਛਮੀ ਹੱਦ ਅਤੇ ਗਲੀ ਬਲਵਿੰਦਰ ਸਿੰਘ ਸਾਬਕਾ ਸਰਪੰਚ ਦੇ ਮਿਲਣ ਦੇ ਸਥਾਨ ਤੋਂ ਆਰੰਭ ਕਰਕੇ ਗਲੀ ਬਲਵਿੰਦਰ ਸਿੰਘ ਸਾਬਕਾ ਸਰਪੰਚ ਨਾਲ ਚੱਲਦੇ ਹੋਏ ਗਲੀ ਰਮੇਸ਼ ਦੋਧੀ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਬਸਤੀ ਜੱਲੋਂ ਕੇ ਰੋਡ ਤੀਕ; ਫਿਰ ਉਕਤ ਰੋਡ ਨਾਲ ਚਲਦੇ ਹੋਏ ਨਵੀਂ ਆਬਾਦੀ ਰੋਡ ਤੀਕ; ਫਿਰ ਉਕਤ ਰੋਡ ਨਾਲ ਚਲਦੇ ਹੋਏ ਬੱਸਤੀ ਜੈਲੋ ਕੇ ਰੋਡ ਤੀਕ; ਉਕਤ ਰੋਡ ਨਾਲ ਚੱਲਦੇ ਹੋਏ ਜੰਗਲਾਤ ਰੋਡ ਤੀਕ; ਫਿਰ ਉਕਤ ਰੋਡ ਨਾਲ ਚਲਦੇ ਹੋਏ ਕੱਚੇ ਰਸਤਾ ਸ਼ਮਸ਼ਾਨਘਾਟ ਤੀਕ; ਫਿਰ ਉਕਤ ਕੱਚੇ ਰਸਤੇ ਨਾਲ ਚੱਲਦੇ ਹੋਏ ਲੱਖਾ ਸਿੰਘ ਵਾਲਾ ਰੋਡ ਤੀਕ; ਫਿਰ ਉਕਤ ਰੋਡ ਨਾਲ ਚਲਦੇ ਹੋਏ ਆਰਮੀ ਦੇ ਬੰਨ ਤੀਕ; ਫਿਰ ਉਕਤ ਬੰਨ ਨਾਲ ਚਲਦੇ ਹੋਏ ਨਗਰ ਪੰਚਾਇਤ ਮਮਦੋਟ ਦੀ ਦੱਖਣੀ ਹੱਦ ਤੀਕ; ਫਿਰ ਉਕਤ ਹੱਦ ਨਾਲ ਚਲਦੇ ਹੋਏ ਨਗਰ ਪੰਚਾਇਤ ਮਮਦੋਟ ਦੀ ਪੱਛਮੀ ਹੱਦ ਅਤੇ ਗਲੀ ਬਲਵਿੰਦਰ ਸਿੰਘ ਸਾਬਕਾ ਸਰਪੰਚ ਦੇ ਮਿਲਣ ਦੇ ਸਥਾਨ ਤੀਕ; ਅਰਥਾਤ ਜਿੱਥੋਂ ਆਰੰਭ ਕੀਤਾ ਸੀ।

ਵਾਰਡ ਨੰ: 13 (ਅਨੁਸੂਚਿਤ ਜਾਤੀਆਂ ਦੇ ਮੈਂਬਰਾਂ ਲਈ ਰਾਖਵਾ)

ਨਗਰ ਪੰਚਾਇਤ ਮਮਦੋਟ ਦੀ ਉੱਤਰੀ ਹੱਦ ਅਤੇ ਜੰਗਲਾਤ ਰੋਡਲ ਦੇ ਮਿਲਣ ਦੇ ਸਥਾਨ ਤੋਂ ਆਰੰਭ ਕਰਕੇ ਜੰਗਲਾਤ ਰੋਡ ਲਾਨ ਚੱਲਦੇ ਹੋਏ ਬੱਸਦੀ ਜੈਲੋ ਕੇ ਰੋਡ ਤੀਕ; ਫਿਰ ਉਕਤ ਰੋਡ ਨਾਲ ਚਲਦੇ ਹੋਏ ਗਲੀ ਸਰਕਾਰੀ ਐਲੀਮੈਂਟਰੀ ਅਤੇ ਪ੍ਰਾਇਮਰੀ ਸਕੂਲ ਤੀਕ; ਉਕਤ ਰੋਡ ਨਾਲ ਚੱਲਦੇ ਹੋਏ ਬਸਤੀ ਜੱਲੋ ਕੇ ਰੋਡ ਤੀਕ; ਫਿਰ ਉਕਤ ਰੋਡ ਨਾਲ ਚਲਦੇ ਹੋਏ ਗਲੀ ਹਰਮੇਸ਼ ਦੋਧੀ ਤੀਕ, ਫਿਰ ਉਕਤ ਗਲੀ ਨਾਲ ਚਲਦੇ ਹੋਏ ਸਾਬਕਾ ਸਰਪੰਚ ਬਲਵਿੰਦਰ ਸਿੰਘ ਤੀਕ; ਫਿਰ_ਕਤ ਗਲੀ ਨਾਲ ਚੱਲਦੇ ਹੋਏ ਨਗਰ ਪੰਚਾਇਤ ਮਮਦੋਟ ਦੀ ਪੱਛਮੀ ਹੱਦ ਤੀਕ, ਫਿਰ ਉਕਤ ਹੱਦ ਨਾਲ ਚਲਦੇ ਹੋਏ ਨਗਰ ਪੰਚਾਇਤ ਮਮਦੋਟ ਦੀ ਉੱਤਰੀ ਹੱਦ ਅਤੇ ਜੰਗਲਾਤ ਰੋਡਲ ਦੇ ਮਿਲਣ ਦੇ ਸਥਾਨ ਤੀਕ; ਅਰਥਾਤ ਜਿੱਥੋਂ ਆਰੰਭ ਕੀਤਾ ਸੀ।

ਸਹੀ/-

ਮਨਜੀਤ ਸਿੰਘ ਬਰਾੜ,ਆਈ.ਏ.ਐਸ,

ਮਿਤੀ 18 ਦਸੰਬਰ, 2025

ਸਕੱਤਰ, ਪੰਜਾਬ ਸਰਕਾਰ

ਸਥਾਨਕ ਸਰਕਾਰ ਵਿਭਾਗ

3587/12-2025/Pb. Govt. Press, S.A.S. Nagar